# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ : 20-04-2026**

**ਪਹਿਲਾਂ ਬੁਲੇਟਿਨ ਦੀਆਂ ਖਾਸ ਖਬਰਾਂ**

- ਸਰਕਾਰ ਨੇ ਕਿਹਾ -ਪੱਛਮੀ ਏਸ਼ੀਆ ਸੰਕਟ ਕਾਰਨ ਹੋਈਆਂ ਰੁਕਾਵਟਾਂ ਦੇ ਬਾਵਜੂਦ, ਦੇਸ਼ ਭਰ ਵਿੱਚ ਘਰੇਲੂ LPG ਸਪਲਾਈ ਸਥਿਰ ਬਣੀ ਹੋਈ ਏ।
- BJP ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ -ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਮਹਿਲਾ ਰਾਖਵਾਂਕਰਨ ਬਿੱਲ ਨੂੰ ਰੋਕਣਾ ਨਿੰਦਣਯੋਗ ਕਦਮ ਏ ।
- ਪੰਜਾਬ ਪੁਲਿਸ ਨੇ ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਮੋਹਾਲੀ ਵਿੱਚ 3 ਵੱਖ-ਵੱਖ ਕਾਰਵਾਈਆਂ ਦੌਰਾਨ 11 ਮੁਲਜ਼ਮਾਂ ਨੂੰ ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਗੋਲੀ ਸਿੱਕੇ ਸਮੇਤ ਕੀਤਾ ਗ੍ਰਿਫ਼ਤਾਰ ।
- ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਯੋਜਨਾ ਅਧੀਨ 728 ਕਰੋੜ 48 ਲੱਖ ਰੁਪਏ ਜਾਰੀ ।

- ਮੌਸਮ ਵਿਭਾਗ ਵਲੋਂ ਪੰਜਾਬ ਤੇ ਹਰਿਆਣਾ ਵਿੱਚ ਕੱਲ 21 ਤੋਂ 24 ਅਪ੍ਰੈਲ ਤੱਕ ਲੂ ਵਗਣ ਬਾਰੇ ਯੈਲੋ ਅਲਰਟ ਜਾਰੀ ।
- IPL ਕ੍ਰਿਕਟ ਵਿੱਚ, ਗੁਜਰਾਤ ਟਾਈਟਨਸ ਦਾ ਮੁਕਾਬਲਾ ਅੱਜ ਸ਼ਾਮ ਸਾਢੇ 7 ਵਜੇ, ਅਹਿਮਦਾਬਾਦ ਵਿੱਚ ਮੁੰਬਈ ਇੰਡੀਅਨਜ਼ ਨਾਲ ਹੋਵੇਗਾ ।

## ਹੁਣ ਖਬਰਾਂ ਵਿਸਥਾਰ ਨਾਲ

ਸਰਕਾਰ ਨੇ ਕਿਹਾ ਕਿ ਪੱਛਮੀ ਏਸ਼ੀਆ ਸੰਕਟ ਕਾਰਨ ਹੋਈਆਂ ਰੁਕਾਵਟਾਂ ਦੇ ਬਾਵਜੂਦ, ਦੇਸ਼ ਭਰ ਵਿੱਚ ਘਰੇਲੂ LPG ਸਪਲਾਈ ਸਥਿਰ ਏ ਅਤੇ ਡਿਸਟ੍ਰੀਬਿਊਟਰਾਂ ਵਲੋਂ ਕੋਈ ਕਮੀ ਬਾਰੇ ਕੋਈ ਸੂਚਨਾ ਨਹੀਂ ਮਿਲੀ । ਨਵੀਂ ਦਿੱਲੀ ਵਿੱਚ ਇੱਕ ਅੰਤਰ-ਮੰਤਰਾਲਾ ਬ੍ਰੀਫਿੰਗ ਨੂੰ ਸੰਬੋਧਨ ਕਰਦੇ ਹੋਏ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੀ ਸਕੱਤਰ ਸੁਜਾਤਾ ਸ਼ਰਮਾ ਨੇ ਕਿਹਾ ਕਿ ਸਰਕਾਰ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਕਈ ਮਹੱਤਵਪੂਰਨ ਕਦਮ ਚੁੱਕ ਰਹੀ ਏ , ਜਿਵੇਂ ਕਿ ਘਰੇਲੂ ਐਲਪੀਜੀ ਉਤਪਾਦਨ ਵਧਾਉਣਾ, ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਬੁਕਿੰਗ ਦੀ ਮਿਆਦ ਵਧਾਉਣਾ, ਅਤੇ ਗੈਰ-ਕਾਨੂੰਨੀ ਵਿਕਰੀ ਨੂੰ ਰੋਕਣ ਲਈ ਡਿਲੀਵਰੀ ਪ੍ਰਮਾਣੀਕਰਨ ਕੋਡ ਲਾਗੂ ਕਰਨਾ। ਉਨਾ ਕਿਹਾ ਕਿ ਸਰਕਾਰ ਦਾ ਟੀਚਾ ਡਿਲੀਵਰੀ ਪ੍ਰਮਾਣੀਕਰਨ ਕੋਡਾਂ ਦੀ ਵਰਤੋਂ ਨੂੰ 90 ਫੀਸਦੀ

ਤੱਕ ਵਧਾਉਣਾ ਸੀ, ਪਰ ਇਹ ਪਹਿਲਾਂ ਹੀ 92 ਫੀਸਦੀ ਤੱਕ ਪਹੁੰਚ ਗਿਆ ਏ। ਉਸਨੇ  ਕਿਹਾ ਕਿ ਵਪਾਰਕ ਸਪਲਾਈ ਵੀ 70 ਫੀਸਦੀ ਤੱਕ ਬਹਾਲ ਕਰ ਦਿੱਤੀ ਗਈ ਏ । ਪਿਛਲੇ ਪੰਜ ਦਿਨਾਂ ਦੇ ਅੰਕੜਿਆਂ ਅਨੁਸਾਰ, 5 ਕਿਲੋਗ੍ਰਾਮ ਸਿਲੰਡਰਾਂ ਦੀ ਵਿਕਰੀ ਵਿੱਚ ਵੀ ਵਾਧਾ ਹੋਇਆ ਏ। 3 ਅਪ੍ਰੈਲ ਤੋਂ ਲਗਭਗ 7,000 ਜਾਗਰੂਕਤਾ ਕੈਂਪ ਲਗਾਏ ਗਏ ਹਨ, ਜਿਸਦੇ ਨਤੀਜੇ ਵਜੋਂ ਲਗਭਗ ਇਕ ਲਖ  5 ਕਿਲੋਗ੍ਰਾਮ ਸਿਲੰਡਰਾਂ ਦੀ ਵਿਕਰੀ ਹੋਈ ਹੈ।

BYTE

---------------------------------------------------

BJP ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਮਹਿਲਾ ਰਾਖਵਾਂਕਰਨ ਬਿੱਲ ਅਤੇ ਹੋਰ ਮਹੱਤਵਪੂਰਨ ਕਾਨੂੰਨੀ ਤਜਵੀਜ਼ਾਂ ਬਾਰੇ ਕਿਹਾ ਕਿ ਬੀਤੇ ਦਿਨੀ  ਪਹਿਲਾਂ ਸੰਸਦ ਵਿੱਚ ਜੋ ਕੁਝ ਹੋਇਆ, ਉਹ ਬਹੁਤ ਹੀ ਦੁਖਦਾਈ ਸੀ ਅਤੇ “ਨਾਰੀ ਸ਼ਕਤੀ ਬਿੱਲ” ਨੂੰ ਰੋਕਣਾ ਨਿੰਦਣਯੋਗ ਕਦਮ ਏ । ਅੱਜ ਅੰਮ੍ਰਿਤਸਰ 'ਚ ਇਕ ਪ੍ਰੈਸ ਕਾਨਫਰੰਸ ਦੌਰਾਨ  ਉਨ੍ਹਾਂ ਇਲਜਾਮ ਲਗਾਇਆ ਕਿ ਇੰਡੀਅਨ ਨੈਸ਼ਨਲ ਕਾਂਗਰਸ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ ਅਤੇ ਹੋਰ ਵਿਰੋਧੀ ਧਿਰਾਂ ਨੇ ਮਿਲ ਕੇ ਇਸ ਬਿੱਲ ਦਾ ਵਿਰੋਧ ਕੀਤਾ, ਜਿਸ ਨਾਲ

ਦੇਸ਼ ਦੀਆਂ 33 ਫੀਸਦੀ ਮਹਿਲਾਵਾਂ ਨੂੰ ਮਿਲਣ ਵਾਲਾ ਰਾਖਵਾਂਕਰਨ ਰੁਕ ਗਿਆ।

BYTE

----------------------------------------------------------

ਪੰਜਾਬ ਪੁਲਿਸ ਨੇ ਅੱਜ ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਮੋਹਾਲੀ ਵਿੱਚ 3 ਵੱਖ-ਵੱਖ ਕਾਰਵਾਈਆਂ ਦੌਰਾਨ 11 ਮੁਲਜ਼ਮਾਂ ਨੂੰ ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਗੋਲੀ ਸਿੱਕੇ ਸਮੇਤ ਗ੍ਰਿਫ਼ਤਾਰ ਕੀਤਾ ਏ । ਹੁਸ਼ਿਆਰਪੁਰ ਪੁਲਿਸ ਨੇ ਅੱਜ ਚਾਰ ਮੁਲਜ਼ਮਾਂ ਨੂੰ ਲਗਭਗ 10 ਕਿਲੋ ਹੈਰੋਇਨ, 2 ਵਿਦੇਸ਼ੀ ਪਿਸਤੌਲਾਂ ਅਤੇ 40 ਅਣਚਲੇ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ, ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਅੰਤਰ-ਰਾਜੀ ਮਾਡਿਊਲ ਦਾ ਪਰਦਾਫਾਸ਼ ਕੀਤਾ। ਓਧਰ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਅਤੇ ਮੱਧ ਪ੍ਰਦੇਸ਼ ਸਥਿਤ ਇੱਕ ਗੈਰ-ਕਾਨੂੰਨੀ ਹਥਿਆਰ ਸਪਲਾਈ ਮਾਡਿਊਲ ਨੂੰ ਤਬਾਹ ਕਰ ਦਿੱਤਾ। ਉਨ੍ਹਾਂ ਦੇ ਕਬਜ਼ੇ ਵਿੱਚੋਂ 6 ਪਿਸਤੌਲਾਂ ਅਤੇ 7 ਅਣਚਲੇ ਕਾਰਤੂਸ ਜ਼ਬਤ ਕੀਤੇ ਗਏ ਹਨ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਏ ਕਿ ਮੁਲਜ਼ਮ ਗੈਰ-ਕਾਨੂੰਨੀ ਹਥਿਆਰ ਅਤੇ ਨਸ਼ੀਲੇ ਪਦਾਰਥ ਪ੍ਰਾਪਤ ਕਰ ਰਹੇ ਸਨ ਅਤੇ ਸਰਹੱਦ ਪਾਰ ਹਥਿਆਰਾਂ ਦੀ ਤਸਕਰੀ ਅਤੇ ਪੰਜਾਬ ਭਰ ਵਿੱਚ ਅਪਰਾਧਿਕ ਤੱਤਾਂ ਨੂੰ ਹਥਿਆਰ

ਸਪਲਾਈ ਕਰਨ ਲਈ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸਨ। ਇਕ ਹੋਰ ਕਾਰਵਾਈ 'ਚ  ਗੈਂਗਸਟਰ ਵਿਰੋਧੀ ਕਾਰਜ ਬਲ ਨੇ ਜ਼ਿਲ੍ਹਾ SAS ਨਗਰ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ , ਵਿਦੇਸ਼ੀ ਗੈਂਗਸਟਰਾਂ ਵਲੋਂ  ਚਲਾਏ ਜਾ ਰਹੇ ਇੱਕ ਗੈਂਗਸਟਰ ਮਾਡਿਊਲ ਦਾ ਪਰਦਾਫਾਸ਼ ਕਰਦਿਆਂ  ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ 2 ਪਿਸਤੌਲਾਂ ਤੇ  8 ਅਣਚਲੇ ਕਾਰਤੂਸ ਬਰਾਮਦ ਕੀਤੇ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਏ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ ਇੱਕ ਜੁਲਾਈ 2025 ਵਿੱਚ  ਅਬੋਹਰ ਵਿੱਚ ਇੱਕ 'ਵੀਅਰ ਵੈੱਲ' ਸ਼ੋਅਰੂਮ ਮਾਲਕ ਦੇ ਕਤਲ ਮਾਮਲੇ ਵਿੱਚ ਸ਼ਾਮਲ ਸੀ, ਜਿੱਥੇ ਉਸਨੇ ਮੁੱਖ ਹਮਲਾਵਰਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਸੀ। ਪੁਲਿਸ ਵਲੋਂ ਅਗਲੇਰੀ ਜਾਂਚ ਜਾਰੀ ਏ ਅਤੇ ਹੋਰ ਗ੍ਰਿਫ਼ਤਾਰੀਆਂ ਦੀ ਉਮੀਦ ਏ।

---------------------------------------------------------------

ਪੰਜਾਬ ਸਰਕਾਰ ਵੱਲੋਂ ਸਮਾਜਿਕ ਨਿਆਂ ਅਤੇ ਲੋਕ ਭਲਾਈ ਨੂੰ ਤਰਜੀਹ ਦਿੰਦਿਆਂ ਗਰੀਬ ਅਤੇ ਲੋੜਵੰਦ ਵਰਗਾਂ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਨੇ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮਾਨ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਅਸ਼ੀਰਵਾਦ ਯੋਜਨਾ  ਅਧੀਨ ਅਨੁਸੂਚਿਤ ਜਾਤੀਆਂ ਲਈ 728.

ਕਰੋੜ 48 ਲਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਏ , ਜਿਸ ਨਾਲ 1. ਲੱਖ 43 ਹਜ਼ਾਰ ਤੋਂ ਵੱਧ ਲਾਭਪਾਤਰੀਆਂ ਨੂੰ ਸਿੱਧਾ ਲਾਭ ਮਿਲਿਆ ਏ ।

ਡਾ. ਬਲਜੀਤ ਕੌਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਗਰੀਬ ਪਰਿਵਾਰਾਂ ਲਈ ਇੱਕ ਮਜ਼ਬੂਤ ਸਹਾਰਾ ਬਣ ਕੇ ਉਭਰੀ ਏ , ਜਿਸ ਨਾਲ ਧੀਆਂ ਦੇ ਵਿਆਹ ਸਮੇਂ ਪਰਿਵਾਰਾਂ ਉੱਤੇ ਪੈਣ ਵਾਲਾ ਆਰਥਿਕ ਬੋਝ ਘੱਟ ਹੋਇਆ ਏ । ਮੰਤਰੀ ਨੇ ਦੱਸਿਆ ਕਿ ਕੋਈ ਵੀ ਪਰਿਵਾਰ ਜੋ ਪੰਜਾਬ ਦਾ ਪੱਕਾ ਨਿਵਾਸੀ ਹੋਵੇ ਅਤੇ ਗਰੀਬੀ ਰੇਖਾ ਤੋਂ ਹੇਠਾਂ ਆਉਂਦਾ ਹੋਵੇ, ਅਤੇ ਜੋ ਅਨੁਸੂਚਿਤ ਜਾਤੀਆਂ, ਪੱਛੜੇ ਵਰਗਾਂ ਜਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਹੋਵੇ, ਉਹ ਇਸ ਯੋਜਨਾ ਦਾ ਲਾਭ ਲੈਣ ਲਈ ਯੋਗ ਏ ।

---------------------------------------------------

ਰੇਲਵੇ ਤਿੰਨ ਮਹੀਨਿਆਂ ਵਿੱਚ ਦੇਸ਼ ਭਰ ਵਿੱਚ 18 ਹਜ਼ਾਰ 262 ਗਰਮੀਆਂ ਦੌਰਾਨ ਰੇਲਗੱਡੀਆਂ ਦੇ ਵਿਸ਼ੇਸ਼ ਫੇਰੇ ਸੰਚਾਲਿਤ ਕਰੇਗਾ । ਇਹ ਮੁਸਾਫ਼ਰਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਅਤੇ ਸੁਚਾਰੂ ਯਾਤਰਾ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕਰੇਗਾ। ਰੇਲਵੇ ਮੰਤਰਾਲੇ ਨੇ ਕਿਹਾ ਏ ਕਿ ਉਸਨੇ ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਵਿਸ਼ੇਸ਼ ਰੇਲ ਸੇਵਾਵਾਂ ਨੂੰ ਮਨਜ਼ੂਰੀ ਦੇ ਕੇ ਗਰਮੀਆਂ ਦੇ ਮੌਸਮ ਦੌਰਾਨ ਯਾਤਰੀਆਂ ਲਈ ਸੁਚਾਰੂ ਅਤੇ ਆਰਾਮਦਾਇਕ ਯਾਤਰਾ ਨੂੰ ਯਕੀਨੀ ਬਣਾਉਣ ਲਈ

ਮਹੱਤਵਪੂਰਨ ਕਦਮ ਚੁੱਕੇ ਹਨ। ਮੰਤਰਾਲੇ ਨੇ ਕਿਹਾ ਕਿ ਇਸ ਸਾਲ 15 ਅਪ੍ਰੈਲ ਤੋਂ 15 ਜੁਲਾਈ ਤੱਕ ਦੀ ਮਿਆਦ ਲਈ ਕੁੱਲ ਗਰਮੀ ਰੁੱਤ ਦੀਆਂ 908 ਵਿਸ਼ੇਸ਼ ਰੇਲਗੱਡੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜੋ ਵਧੀ ਹੋਈ ਯਾਤਰਾ ਮੰਗ ਨੂੰ ਪੂਰਾ ਕਰਨ ਲਈ 18 ਹਜ਼ਾਰ 262 ਫੇਰੇ ਲਾਉਣਗੀਆਂ ।

---------------------------------------------------

ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਵਿੱਚ ਅੱਜ ਇੱਕ ਮੁਸਾਫ਼ਰ ਬੱਸ ਪਹਾੜੀ ਤੋਂ ਹੇਠਾਂ ਡਿੱਗਣ ਕਾਰਨ ਘੱਟੋ-ਘੱਟ 21 ਲੋਕਾਂ ਦੀ ਮੌਤ ਹੋ ਗਈ ਅਤੇ 29 ਹੋਰ ਜ਼ਖਮੀ ਹੋ ਗਏ। ਸਾਡੇ  ਪੱਤਰਕਾਰ ਨੇ ਦਸਿਆ ਏ ਕਿ ਸਵੇਰੇ ਕਰੀਬ 10 ਵਜੇ  ਕਾਗੋਰਟ ਪਿੰਡ  ਨੇੜੇ ਪਹਾੜੀ ਸੜਕ 'ਤੇ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ । ਬੱਸ ਵਿੱਚ 50 ਮੁਸਾਫ਼ਰ  ਸਵਾਰ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਆਪਣੇ ਰੋਜ਼ਾਨਾ ਦੇ ਕੰਮਾਂ 'ਤੇ ਜਾ ਰਹੇ ਸਨ, ਰਾਮਨਗਰ ਤੋਂ ਊਧਮਪੁਰ ਜਾ ਰਹੇ ਸਨ। ਕਈ ਵਿਅਕਤੀਆਂ ਨੂੰ ਮੌਕੇ ਤੋਂ ਹਸਪਤਾਲ ਲਿਜਾਇਆ ਗਿਆ ਏ ਅਤੇ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਏ । ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਉਪ ਰਾਜਪਾਲ ਮਨੋਜ ਸਿਨਹਾ, ਕੇਂਦਰੀ ਮੰਤਰੀ ਡਾ. ਜਿਤੇਂਦਰ ਸਿੰਘ ਅਤੇ ਹੋਰਨਾਂ ਮੰਤਰੀਆਂ ਨੇ ਬੱਸ ਹਾਦਸੇ ਵਿੱਚ ਹੋਏ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ ਏ । ਪ੍ਰਧਾਨ ਮੰਤਰੀ ਨੇ ਹਾਦਸੇ ਵਿੱਚ ਮ੍ਰਿਤਕਾਂ ਦੇ

ਪਰਿਵਾਰਾਂ ਲਈ 2-2 ਲੱਖ ਰੁਪਏ ਅਤੇ ਜ਼ਖਮੀਆਂ ਲਈ 50-50 ਹਜ਼ਾਰ ਰੁਪਏ ਦੀ ਵਿਤੀ ਮਦਦ ਦਾ ਐਲਾਨ ਕੀਤਾ ਹੈ। ਜਦੋਂ ਕਿ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਊਧਮਪੁਰ ਸੜਕ ਹਾਦਸੇ ਦੇ ਪੀੜਤਾਂ ਲਈ ਮੁੱਖ ਮੰਤਰੀ ਰਾਹਤ ਫੰਡ ਤੋਂ ਤੁਰੰਤ ਰਾਹਤ ਦਾ ਐਲਾਨ ਕੀਤਾ ਏ।

-------------------------------------------------------

ਵਿਲੱਖਣ ਪਛਾਣ ਅਥਾਰਟੀ ਵਲੋਂ ਲੁਧਿਆਣਾ ਵਿੱਚ ਮਾਤਾ-ਪਿਤਾ ਅਤੇ ਸਰਪ੍ਰਸਤਾਂ ਤੋਂ 5 ਤੋਂ 7 ਸਾਲ ਉਮਰ ਵਰਗ ਅਤੇ 15 ਤੋਂ 17 ਸਾਲ ਉਮਰ ਵਰਗ ਦੇ ਬੱਚਿਆਂ ਦੇ ਆਧਾਰ ਦੇ ਲਾਜ਼ਮੀ ਬਾਇਓਮੈਟ੍ਰਿਕ ਅਪਡੇਟ ਨੂੰ ਸਮੇਂ ਸਿਰ ਪੂਰਾ ਕਰਨ ਦੀ ਅਪੀਲ ਕੀਤੀ ਗਈ ਏ। ਅਥਾਰਟੀ ਮੌਜੂਦਾ ਸਮੇਂ ਵਿਚ 30 ਸਤੰਬਰ ਤੱਕ 17 ਸਾਲ ਤੱਕ ਦੇ ਬੱਚਿਆਂ ਲਈ ਲਾਜ਼ਮੀ ਬਾਇਓਮੈਟ੍ਰਿਕ ਅਪਡੇਟ ਮੁਫ਼ਤ ਸੁਵਿਧਾ ਪ੍ਰਦਾਨ ਕਰ ਰਹੀ ਏ । ਲੁਧਿਆਣਾ ਜ਼ਿਲ੍ਹੇ ਦੇ ਸਿੱਖਿਆ ਲਈ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ ਦੇ ਅੰਕੜਿਆਂ ਮੁਤਾਬਕ, ਕੁੱਲ 9 ਲੱਖ 15 ਹਾਜ਼ਰ 410 ਵਿਦਿਆਰਥੀਆਂ ਵਿਚੋਂ ਉਚਿਤ ਗਿਣਤੀ ਦੇ ਬੱਚਿਆਂ ਨੂੰ ਅਜੇ ਵੀ ਬਾਇਓਮੈਟ੍ਰਿਕ ਅਪਡੇਟ ਪੂਰਾ ਕਰਨੇ ਨੇ। ਇਹਨਾਂ ਵਿਚ 5 ਤੋਂ 7 ਸਾਲ ਉਮਰ ਵਰਗ ਦੇ ਲਗਭਗ 1 ਲੱਖ 22 ਹਾਜ਼ਰ ਤੋਂ ਵੱਧ ਬੱਚਿਆਂ ਕੋਲ ਅਤੇ 15–17 ਸਾਲ ਉਮਰ ਵਰਗ ਦੇ ਲਗਭਗ 1 ਲੱਖ 4 ਹਾਜ਼ਰ ਤੋਂ ਵੱਧ ਬੱਚਿਆਂ ਦੇ ਆਧਾਰ ਦੇ ਬਾਇਓਮੈਟ੍ਰਿਕ ਅਪਡੇਟ ਬਕਾਇਆ ਪਏ ਨੇ। ਇਹ

ਬਾਇਓਮੈਟ੍ਰਿਕ ਅਪਡੇਟ ਸੁਵਿਧਾਜਨਕ ਰੂਪ ਵਿਚ ਆਧਾਰ ਸੇਵਾ ਕੇਂਦਰਾਂ , ਪੰਜਾਬ ਭਰ ਦੇ ਸੇਵਾ ਕੇਂਦਰਾਂ ਉੱਤੇ ਅਤੇ ਸਕੂਲਾਂ ਵਿਚ ਆਯੋਜਿਤ ਵਿਸ਼ੇਸ਼ ਆਧਾਰ ਅਪਡੇਟ ਕੈਂਪਾਂ ਰਾਹੀਂ ਪੂਰੇ ਕੀਤੇ ਜਾ ਸਕਦੇ ਹਨ। ਅਪਡੇਟਿਡ ਆਧਾਰ ਬਾਇਓਮੈਟ੍ਰਿਕਸ ਦਾ ਉਪਯੋਗ NEET ਵਰਗੀਆਂ ਪ੍ਰੀਖਿਆਵਾਂ ਵਿੱਚ, ਨਾਲ ਹੀ ਸਕੂਲ ਦਾਖਲਾ, ਵਜੀਫਾ ਯੋਜਨਾਵਾਂ ਅਤੇ ਹੋਰ ਵਿਦਿਅਕ ਪ੍ਰਕਿਰਿਆਵਾਂ ਵਿਚ ਮੁੱਖ ਪਛਾਣ ਪ੍ਰਮਾਣੀਕਰਣ ਮੋਡ ਵਜੋਂ ਤੇਜ਼ੀ ਨਾਲ ਹੋ ਰਿਹਾ ਹੈ। ਇਸ ਤੋਂ ਇਲਾਵਾ, ਆਧਾਰ-ਆਧਾਰਿਤ ਪ੍ਰਮਾਣੀਕਰਣ ਬੈਂਕਿੰਗ ਸੇਵਾਵਾਂ, ਸਿਧ ਲਾਭ ਤਬਾਦਲਾ (DBT) ਅਤੇ ਵੱਖ-ਵੱਖ ਸਰਕਾਰੀ ਭਲਾਈ ਯੋਜਨਾਵਾਂ ਲਈ ਵਿਆਪਕ ਰੂਪ ਵਿਚ ਲੋੜੀਂਦਾ ਏ , ਜਿਸ ਨਾਲ ਸਮੇਂ ਸਿਰ ਬਾਇਓਮੈਟ੍ਰਿਕ ਅਪਡੇਟ ਇਨ੍ਹਾਂ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਲਈ ਮਹੱਤਵਪੂਰਨ ਹੋ ਜਾਂਦਾ ਏ ।

--------------------------------------------------

ਪੰਜਾਬ ਸਕੂਲ ਸਿੱਖਿਆ ਬੋਰਡ ਨੇ ਕਿਹਾ ਕਿ ਬੋਰਡ ਦੀਆਂ ਅੱਠਵੀ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਬਾਰੇ ਨਾਲ ਸਬੰਧਤ ਪ੍ਰੀਖਿਆਰਥੀ ਉੱਤਰ ਪੱਤਰੀਆਂ ਦੀ ਰੀ-ਚੈਕਿੰਗ ਕਰਵਾਉਣਾ ਚਾਹੁੰਦੇ ਹਨ ਤਾਂ ਆਨ ਲਾਈਨ ਫਾਰਮ ਅਤੇ ਫੀਸ ਭਰਨ ਲਈ ਤਰੀਕ ਪਹਿਲੀ ਮਈ ਤੱਕ ਦਾ ਸਮਾਂ ਦਿੱਤਾ ਗਿਆ ਏ । ਪ੍ਰੀਖਿਆਰਥੀ ਆਨ-ਲਾਈਨ ਫਾਰਮ ਅਤੇ ਫੀਸ ਭਰਨ ਮਗਰੋਂ ਇਸ ਦਾ ਪ੍ਰਿੰਟ ਆਪਣੇ ਕੋਲ ਰਿਕਾਰਡ

ਹਿੱਤ ਰੱਖਣਗੇ। ਇਸ ਫਾਰਮ ਦੀ ਹਾਰਡ ਕਾਪੀ ਦਫਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀਂ ਏ । ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ pseb.ac.in ਤੇ ਉਪਲੱਬਧ ਏ ।

-----------------------------------------------------

ਪੰਜਾਬ 'ਚ ਕਈ ਥਾਵਾਂ 'ਤੇ ਕੁਝ ਸੁਹਾਵਣੇ ਮੌਸਮ ਤੋਂ ਬਾਅਦ, ਕੱਲ੍ਹ 21 ਤੋਂ 24 ਅਪ੍ਰੈਲ ਤੱਕ ਆਉਣ ਵਾਲੇ ਤਿੰਨ ਦਿਨਾਂ ਵਿੱਚ ਸਵੇਰੇ ਲੂ ਅਤੇ ਰਾਤ ਵੇਲੇ ਵੀ ਗਰਮੀ ਰਹਿਣ ਦੀ ਸੰਭਾਵਨਾ ਜਤਾਈ ਗਈ ਏ ।

ਮੌਸਮ ਵਿਭਾਗ ਦੀ ਚੰਡੀਗੜ੍ਹ ਸਥਿਤ ਇਕਾਈ ਨੇ ਨਾ ਸਿਰਫ਼ ਪੰਜਾਬ ਸਗੋਂ ਹਰਿਆਣਾ ਵਿੱਚ ਵੀ ਦੂਰ-ਦੁਰਾਡੇ ਥਾਵਾਂ 'ਤੇ ਲੂ ਦੀ ਸਥਿਤ ਬਾਰੇ ਦੀ ਪੇਸ਼ੀਨਗੋਈ ਕੀਤੀ ਏ ਅਤੇ ਇਸਦੇ ਲਈ ਯੈਲੋ ਅਲਰਟ ਜਾਰੀ ਕੀਤਾ ਏ। ਇਸੇ ਦੌਰਾਨ ਚੰਡੀਗੜ੍ਹ ਸਥਿਤ ਮੌਸਮ ਵਿਭਾਗ ਦੇ ਵਿਗਿਆਨੀ ਸੁਰੇਂਦਰ ਪਾਲ ਨੇ ਆਕਾਸ਼ਵਾਣੀ ਜਲੰਧਰ ਨਾਲ ਗੱਲ ਕਰਦਿਆਂ ਦਸਿਆ ।

BYTE

ਹਾਲਾਂਕਿ, ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਤਰਨਤਾਰਨ ਅਤੇ ਪਠਾਨਕੋਟ ਅਤੇ ਦੋਆਬਾ ਖੇਤਰ ਦੇ ਹੁਸ਼ਿਆਰਪੁਰ ਵਿੱਚ ਦੂਜੇ ਜ਼ਿਲ੍ਹਿਆਂ ਦੇ ਮੁਕਾਬਲੇ ਘੱਟ ਗਰਮੀ ਮਹਿਸੂਸ ਹੋ ਸਕਦੀ ਏ ।

-----------------------------------------------------

IPL ਕ੍ਰਿਕਟ ਵਿੱਚ, ਗੁਜਰਾਤ ਟਾਈਟਨਸ ਦਾ ਮੁਕਾਬਲਾ ਅੱਜ ਅਹਿਮਦਾਬਾਦ ਵਿੱਚ ਮੁੰਬਈ ਇੰਡੀਅਨਜ਼ ਨਾਲ ਹੋਵੇਗਾ । ਮੈਚ ਸ਼ਾਮ ਸਾਢੇ 7 ਵਜੇ ਸ਼ੁਰੂ ਹੋਵੇਗਾ।

---------------------------------------------------

- ਸਰਕਾਰ ਨੇ ਕਿਹਾ -ਪੱਛਮੀ ਏਸ਼ੀਆ ਸੰਕਟ ਕਾਰਨ ਹੋਈਆਂ ਰੁਕਾਵਟਾਂ ਦੇ ਬਾਵਜੂਦ, ਦੇਸ਼ ਭਰ ਵਿੱਚ ਘਰੇਲੂ LPG ਸਪਲਾਈ ਸਥਿਰ ਬਣੀ ਹੋਈ ਏ।
- BJP ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ -ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਮਹਿਲਾ ਰਾਖਵਾਂਕਰਨ ਬਿੱਲ ਨੂੰ ਰੋਕਣਾ ਨਿੰਦਣਯੋਗ ਕਦਮ ਏ ।
- ਪੰਜਾਬ ਪੁਲਿਸ ਨੇ ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਮੋਹਾਲੀ ਵਿੱਚ 3 ਵੱਖ-ਵੱਖ ਕਾਰਵਾਈਆਂ ਦੌਰਾਨ 11 ਮੁਲਜ਼ਮਾਂ ਨੂੰ ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਗੋਲੀ ਸਿੱਕੇ ਸਮੇਤ ਕੀਤਾ ਗ੍ਰਿਫ਼ਤਾਰ ।
- ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਯੋਜਨਾ ਅਧੀਨ 728 ਕਰੋੜ 48 ਲੱਖ ਰੁਪਏ ਜਾਰੀ ।
- ਮੌਸਮ ਵਿਭਾਗ ਵਲੋਂ ਪੰਜਾਬ ਤੇ ਹਰਿਆਣਾ ਵਿੱਚ ਕੱਲ 21 ਤੋਂ 24 ਅਪ੍ਰੈਲ ਤੱਕ ਲੂ ਵਗਣ ਬਾਰੇ ਯੈਲੋ ਅਲਰਟ ਜਾਰੀ ।

- IPL ਕ੍ਰਿਕਟ ਵਿੱਚ, ਗੁਜਰਾਤ ਟਾਈਟਨਸ ਦਾ ਮੁਕਾਬਲਾ ਅੱਜ ਸ਼ਾਮ ਸਾਢੇ 7 ਵਜੇ, ਅਹਿਮਦਾਬਾਦ ਵਿੱਚ ਮੁੰਬਈ ਇੰਡੀਅਨਜ਼ ਨਾਲ ਹੋਵੇਗਾ।

------------------------------------------------------------

**ਇਸਦੇ ਨਾਲ  ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ  ਬੁਲੇਟਿਨ ਤੁਸੀਂ ਸੁਣੋਗੇ  7 ਵੱਜਕੇ  30  ਮਿੰਟ  'ਤੇ**

**ਨਮਸਕਾਰ  !**